WORKSAFEBC | ਨਿਊਜ਼ ਰਿਲੀਜ਼

# ਵਰਕਸੇਫਬੀਸੀ ਵਰਕਰਾਂ ਅਤੇ ਕੰਮ-ਮਾਲਕਾਂ ਨੂੰ ਅਪੀਲ ਕਰਦਾ ਹੈ ਕਿ ਛੁੱਟੀਆਂ ਦੇ ਸੀਜ਼ਨ ਦੌਰਾਨ ਉਚਾਈ ਤੋਂ ਕੰਮ ਕਰਦੇ ਹੋਏ ਸੁਰੱਖਿਆ ਨੂੰ ਤਰਜੀਹ ਦੇਣ

**ਰਿਚਮੰਡ, ਬੀ.ਸੀ. (5 ਦਸੰਬਰ, 2024) —** ਜਿਵੇਂ-ਜਿਵੇਂ ਛੁੱਟੀਆਂ ਦਾ ਸੀਜ਼ਨ ਨੇੜੇ ਆ ਰਿਹਾ ਹੈ, ਵਰਕਸੇਫਬੀਸੀ ਸਾਰੇ ਉਦਯੋਗਾਂ ਦੇ ਵਰਕਰਾਂ ਅਤੇ ਕੰਮ-ਮਾਲਕਾਂ ਨੂੰ ਉਚਾਈ 'ਤੇ ਕੰਮ ਕਰਦੇ ਸਮੇਂ ਵਧੇਰੇ ਸਾਵਧਾਨੀ ਵਰਤਣ ਦੀ ਸਲਾਹ ਦਿੰਦਾ ਹੈ। ਤਿਉਹਾਰਾਂ ਦੀ ਸਜਾਵਟ ਦਾ ਸਾਜ-ਸਮਾਨ ਲਗਾਉਂਦਿਆਂ, ਬਾਹਰ ਕੰਸਟਰੱਕਸ਼ਨ ਦਾ ਕੰਮ ਕਰਦਿਆਂ, ਜਾਂ ਸਰਦੀਆਂ ਦੇ ਮਹੀਨਿਆਂ ਦੌਰਾਨ ਪ੍ਰਾਪਰਟੀ ਦੀ ਸਾਂਭ-ਸੰਭਾਲ ਵਰਗੇ ਕੰਮ ਕਰਦਿਆਂ, ਡਿੱਗਣ ਦੇ ਖ਼ਤਰੇ ਹੋ ਸਕਦੇ ਹਨ, ਖ਼ਾਸ ਕਰ ਕੇ ਗਿੱਲੇ ਜਾਂ ਬਰਫ਼ੀਲੇ ਹਾਲਾਤ ਵਿੱਚ।

ਬੀ ਸੀ ਵਿੱਚ ਕੰਮ ਵਾਲੀ ਥਾਂ 'ਤੇ ਲਗਦੀਆਂ ਸੱਟਾਂ ਦਾ ਇੱਕ ਵੱਡਾ ਕਾਰਨ ਉਚਾਈਆਂ ਤੋਂ ਡਿੱਗਣਾ ਹੈ। 2023 ਵਿੱਚ, ਵਰਕਸੇਫਬੀਸੀ ਨੇ ਡਿੱਗਣ ਨਾਲ ਸਬੰਧਿਤ ਸੱਟਾਂ ਲਈ 4,520 ਕਲੇਮਾਂ ਨੂੰ ਸਵੀਕਾਰ ਕੀਤਾ, ਜਿਨ੍ਹਾਂ ਵਿੱਚੋਂ ਲਗਭਗ 35 ਪ੍ਰਤੀਸ਼ਤ ਨੂੰ ਗੰਭੀਰ ਸ਼੍ਰੇਣੀ ਵਿੱਚ ਰੱਖਿਆ ਗਿਆ ਸੀ। ਦੁਖਦਾਈ ਗੱਲ ਇਹ ਹੈ ਕਿ ਇਸੇ ਸਾਲ ਦੌਰਾਨ ਉਚਾਈਆਂ ਤੋਂ ਡਿੱਗਣ ਕਾਰਨ 21 ਵਰਕਰਾਂ ਦੀ ਜਾਨ ਚਲੀ ਗਈ।

ਜਦੋਂ ਕਿ ਉਚਾਈਆਂ ਤੋਂ ਡਿੱਗਣਾ ਸਾਰੇ ਖੇਤਰਾਂ ਵਿੱਚ ਵਾਪਰਦਾ ਹੈ, ਪਰ ਸਰਵਿਸ ਅਤੇ ਕੰਸਟਰੱਕਸ਼ਨ ਖੇਤਰ ਵਿੱਚ ਸਭ ਤੋਂ ਵੱਧ ਸੱਟਾਂ ਲੱਗਦੀਆਂ ਹਨ, ਜੋ ਕਿ ਕ੍ਰਮਵਾਰ 32 ਪ੍ਰਤੀਸ਼ਤ ਅਤੇ 27 ਪ੍ਰਤੀਸ਼ਤ ਕਲੇਮ ਬਣਦੇ ਹਨ।

ਵਰਕਸੇਫਬੀਸੀ ਵਿਖੇ ਪ੍ਰੀਵੈਂਸ਼ਨ ਫ਼ੀਲਡ ਸਰਵਿਸਿਜ਼ ਦੀ ਸੀਨੀਅਰ ਮੈਨੇਜਰ ਸੁਜ਼ਾਨਾ ਪ੍ਰਪਿਕ ਦਸਦੀ ਹੈ, "ਗ਼ਲਤ ਪੌੜੀ ਦੀ ਵਰਤੋਂ, ਬਿਨਾਂ ਗਾਰਡ ਵਾਲੀਆਂ ਪੌੜੀਆਂ, ਅਤੇ ਡਿੱਗਣ ਤੋਂ ਸੁਰੱਖਿਆ ਦੀ ਅਢੁਕਵੀਂ ਜਾਂ ਗ਼ਲਤ ਵਰਤੋਂ, ਡਿੱਗਣ ਦੇ ਮੁੱਖ ਕਾਰਨਾਂ ਵਿੱਚ ਸ਼ਾਮਲ ਹਨ।" "ਉਚਿਤ ਸੁਰੱਖਿਆ ਪ੍ਰੋਟੋਕੋਲ ਲਾਗੂ ਕਰ ਕੇ ਅਤੇ ਉਪਕਰਨਾਂ ਦੀ ਸਹੀ ਵਰਤੋਂ ਅਤੇ ਸਾਂਭ-ਸੰਭਾਲ ਨੂੰ ਯਕੀਨੀ ਬਣਾ ਕੇ ਇਹਨਾਂ ਖ਼ਤਰਿਆਂ ਨੂੰ ਘਟਾਇਆ ਜਾ ਸਕਦਾ ਹੈ।"

### ਡਿੱਗਣ ਤੋਂ ਬਚਾਅ ਲਈ ਖ਼ਤਰੇ ਤੋਂ ਉਪਾਅ (ਰਿਸਕ ਮੈਨੇਜਮੈਂਟ) ਵਿੱਚ ਵਰਕਰਾਂ ਨੂੰ ਸ਼ਾਮਲ ਕਰਨਾ

ਪੌੜੀਆਂ, ਢਾਂਚਿਆਂ, ਇਮਾਰਤਾਂ, ਛੱਤਾਂ, ਵਾਹਨਾਂ ਅਤੇ ਪੈੜਾਂ ਤੋਂ ਡਿੱਗਣ ਦੇ ਖ਼ਤਰਿਆਂ ਨੂੰ ਘੱਟ ਕਰਨ ਜਾਂ ਖ਼ਤਮ ਕਰਨ ਲਈ ਢੁਕਵੀਂ ਯੋਜਨਾਬੰਦੀ, ਨਿਗਰਾਨੀ, ਸਿਖਲਾਈ ਅਤੇ ਡਿੱਗਣ ਤੋਂ ਸੁਰੱਖਿਆ ਦੀ ਵਰਤੋਂ ਨੂੰ ਯਕੀਨੀ ਬਣਾਉਣ ਲਈ ਕੰਮ-ਮਾਲਕ ਜ਼ਿੰਮੇਵਾਰ ਹਨ।

ਪ੍ਰਪਿਕ ਕਹਿੰਦੀ ਹੈ, "ਤੁਹਾਡੇ ਕੰਮ ਵਾਲੀ ਥਾਂ 'ਤੇ ਖ਼ਤਰੇ ਤੋਂ ਉਪਾਅ ਕਰਨ ਦਾ ਮਤਲਬ ਹੈ ਆਪਣੇ ਵਰਕਰਾਂ ਲਈ ਸੰਭਾਵੀ ਖ਼ਤਰਿਆਂ ਦੀ ਪਛਾਣ ਕਰਨਾ ਅਤੇ ਨੁਕਸਾਨ ਨੂੰ ਰੋਕਣ ਲਈ ਉਚਿਤ ਕਦਮ ਚੁੱਕੇ ਜਾਣ ਨੂੰ ਯਕੀਨੀ ਬਣਾਉਣਾ।"

ਖ਼ਤਰੇ ਤੋਂ ਉਪਾਅ ਦਾ ਮੁੱਖ ਹਿੱਸਾ ਖ਼ਤਰੇ ਦੇ ਕਾਰਨਾਂ ਦੀ ਪਛਾਣ ਕਰਨ ਵਿੱਚ ਵਰਕਰਾਂ ਨੂੰ ਸ਼ਾਮਲ ਕਰਨਾ ਹੈ। ਇਹਨਾਂ ਕੰਮਾਂ ਨੂੰ ਰੋਜ਼ਾਨਾ ਕਰਨ ਵਾਲੇ ਵਰਕਰਾਂ ਵਜੋਂ, ਉਹ ਸੰਭਾਵੀ ਖ਼ਤਰਿਆਂ ਅਤੇ ਵਿਹਾਰਕ ਹੱਲਾਂ ਬਾਰੇ ਕੀਮਤੀ ਸੂਝ ਸਾਹਮਣੇ ਰੱਖਦੇ ਹਨ। ਵਰਕਸੇਫਬੀਸੀ ਕੰਮ-ਮਾਲਕਾਂ ਨੂੰ ਖ਼ਤਰਿਆਂ ਤੋਂ ਉਪਾਵਾਂ ਦੀਆਂ ਪ੍ਰਭਾਵਸ਼ਾਲੀ ਅਤੇ ਵਿਆਪਕ ਯੋਜਨਾਵਾਂ ਬਣਾਉਣ ਲਈ ਯੋਜਨਾ ਦੀਆਂ ਕਾਰਵਾਈਆਂ ਦੇ ਸ਼ੁਰੂ ਵਿੱਚ ਵਰਕਰਾਂ ਅਤੇ ਸਾਂਝੀਆਂ ਸਿਹਤ ਅਤੇ ਸੁਰੱਖਿਆ ਕਮੇਟੀਆਂ (ਜੁਆਇੰਟ ਹੈਲਥ ਐਂਡ ਸੇਫਟੀ ਕਮੇਟੀਜ਼) ਨੂੰ ਸ਼ਾਮਲ ਕਰਨ ਲਈ ਉਤਸ਼ਾਹਿਤ ਕਰਦਾ ਹੈ।

ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਸਰਦੀਆਂ ਦੇ ਮਹੀਨਿਆਂ ਦੌਰਾਨ, ਬਰਫ਼ੀਲੇ ਅਤੇ ਗਿੱਲੇ ਹਾਲਾਤ ਡਿੱਗਣ ਕਾਰਨ ਲੱਗਣ ਵਾਲੀਆਂ ਸੱਟਾਂ ਵਿੱਚ ਵਾਧਾ ਕਰਨ ਵਿੱਚ ਯੋਗਦਾਨ ਪਾਉਂਦੇ ਹਨ। ਕੰਮ ਵਾਲੀ ਥਾਂ ਦੀਆਂ ਸਥਿਤੀਆਂ ਦੇ ਬਦਲਣ, ਜਿਵੇਂ ਕਿ ਮੌਸਮ ਦੇ ਬਦਲਣ, ਨਾਲ ਖ਼ਤਰੇ ਦੇ ਮੁਲਾਂਕਣ ਨੂੰ ਨਿਯਮਤ ਤੌਰ 'ਤੇ ਮੁੜ ਵਿਚਾਰਿਆ ਜ਼ਰੂਰੀ ਹੋ ਜਾਂਦਾ ਹੈ।

**ਵਸੀਲੇ:**

- Falls from elevation (ਉਚਾਈ ਤੋਂ ਡਿੱਗਣਾ)
- Fall Protection (ਡਿੱਗਣ ਤੋਂ ਸੁਰੱਖਿਆ)
- Slips, trips & falls (ਤਿਲਕਣਾ, ਥਿੜਕਣਾ ਅਤੇ ਡਿੱਗਣਾ)
- Ladder safety resources (ਪੌੜੀ ਸੁਰੱਖਿਆ ਦੇ ਵਸੀਲੇ)

-30-

**ਵਰਕਸੇਫ਼ਬੀਸੀ ਬਾਰੇ**

*ਵਰਕਸੇਫ਼ਬੀਸੀ ਬੀ.ਸੀ. ਵਿੱਚ ਸੱਟ, ਬਿਮਾਰੀ, ਅਤੇ ਅਪੰਗਤਾ ਨੂੰ ਰੋਕਣ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨੂੰ ਸ਼ਾਮਲ ਕਰਦਾ ਹੈ। ਜਦੋਂ ਕੰਮ ਨਾਲ ਸਬੰਧਿਤ ਸੱਟਾਂ ਲੱਗਦੀਆਂ ਹਨ ਜਾਂ ਬਿਮਾਰੀਆਂ ਹੁੰਦੀਆਂ ਹਨ, ਤਾਂ ਵਰਕਸੇਫ਼ਬੀਸੀ ਲੋਕਾਂ ਨੂੰ ਉਹਨਾਂ ਦੀ ਸਿਹਤਯਾਬੀ (ਰਿਕਵਰੀ), ਮੁੜ-ਬਹਾਲੀ (ਰੀਹੈਬਲੀਟੇਸ਼ਨ) ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਦੌਰਾਨ ਮੁਆਵਜ਼ਾ ਅਤੇ ਸਹਾਇਤਾ ਦਿੰਦਾ ਹੈ। ਅਸੀਂ ਪੂਰੇ ਬੀ.ਸੀ. ਵਿੱਚ 2.7 ਮਿਲੀਅਨ ਕਾਮਿਆਂ ਅਤੇ 280,000 ਕੰਮ-ਮਾਲਕਾਂ ਦੀ ਸੇਵਾ ਕਰਦੇ ਹਾਂ।*

**ਹੋਰ ਜਾਣਕਾਰੀ ਲਈ ਸੰਪਰਕ:**
ਮੀਡੀਆ ਰੀਲੇਸ਼ਨਜ਼ ਵਰਕਸੇਫ਼ਬੀਸੀ
ਈਮੇਲ: media@worksafebc.com
ਟੈਲੀਫ਼ੋਨ : 604-276-5157